## ਮਿਤੀ 01-12-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ:171<br>ਮਿਤੀ:01-12-22<br>ਜੁਰਮ:379, ਆਈ.ਪੀ.ਸੀ<br>ਥਾਣਾ ਫੇਸ-8 | ਖੁਸ਼ਮਨਪ੍ਰੀਤ ਸਿੰਘ ਪੁੱਤਰ ਅਵਤਾਰ ਸਿੰਘ ਹਾਲ ਵਾਸੀ ਰੂਮ ਨੰ:208, ਡੀ ਜੀ ਟਾਵਰ, ਪਿੰਡ ਕੁੰਬੜਾ, ਮੋਹਾਲੀ, ਥਾਣਾ ਫੇਸ-8<br>ਉਮਰ 24 ਸਾਲ<br>98777-02634 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 13-11-22 ਨੂੰ ਮੈ ਸਿਟੀ ਪਾਰਕ ਸੈਕ:68, ਮੋਹਾਲੀ ਕੋਲ ਆਪਣੀ ਕਾਰ ਨੰ:ਪੀ ਬੀ-01ਸੀ-7044 ਖੜ੍ਹੀ ਕਰਕੇ ਆਪਣੇ ਜੱਦੀ ਪਿੰਡ ਚੱਕਬਾਜਾ ਮਡਾਹਰ ਚੱਲਾ ਗਿਆ ਸੀ। ਜਦੋ ਮਿਤੀ 27-11-22 ਨੂੰ ਵਾਪਸ ਆ ਕੇ ਦੇਖਿਆ ਤਾਂ ਮੇਰੀ ਕਾਰ ਆਪਣੀ ਜਗ੍ਹਾ ਪਰ ਨਹੀ ਸੀ। ਜਿਸ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ। ਜਿਸ ਦੀ ਮੈ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦਾ ਰਿਹਾ ਪਰ ਨਹੀ ਮਿਲੀ। ਜਿਸ ਤੇ ਹੁਣ ਮੈ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 2 | ਮੁਕੱਦਮਾ ਨੰ:504<br>ਮਿਤੀ:01-12-22<br>ਜੁਰਮ:279,304ਏ,<br>ਆਈ.ਪੀ.ਸੀ<br>ਥਾਣਾ ਸੋਹਾਣਾਂ | ਸੁਨੀਲ ਸਿੰਘ ਪੁੱਤਰ ਰਾਮ ਪਤੀ ਵਾਸੀ ਪਿੰਡ ਮਖਲੇਸ਼ਪੁਰ, ਥਾਣਾ ਕਪਤਾਨਗੰਜ, ਜਿਲ੍ਹਾ ਆਜਮਗੜ੍ਹ, ਯੂ ਪੀ<br>ਉਮਰ 50 ਸਾਲ<br>94517-51025 | ਨਾ-ਮਾਲੂਮ ਡਰਾਈਵਰ ਤੇ ਕਾਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਖੇਤੀਬਾੜੀ ਦਾ ਕੰਮ ਕਰਦਾ ਹਾਂ ਤੇ ਮੇਰਾ ਵੱਡਾ ਭਰਾ ਰਾਜੇਸ਼ ਸਿੰਘ ਟਰੱਕ ਚਲਾਉਂਦਾ ਸੀ। ਕੱਲ ਮਿਤੀ 30-11-22 ਨੂੰ ਮੈ ਤੇ ਮੇਰਾ ਵੱਡਾ ਭਰਾ ਟਰੱਕ ਪਰ ਮੋਹਾਲੀ ਵਿਖੇ ਮਾਲ ਛੱਡਣ ਲਈ ਆਏ ਸਨ। ਜਦੋ ਅਸੀ ਪੰਜਾਬ ਢਾਬਾ ਪਿੰਡ ਦੈੜੀ, ਥਾਣਾ ਸੋਹਾਣਾਂ ਵਿਖੇ ਖਾਣਾ ਖਾਣ ਲਈ ਰੁੱਕੇ ਤਾਂ ਵਕਤ ਕਰੀਬ 06:30 ਪੀ ਐਮ ਦਾ ਹੋਵੇਗਾ ਫਿਰ ਅਸੀ ਉੱਥੇ ਨਾਲ ਹੀ ਦੁਕਾਨ ਤੇ ਪੈਦਲ ਆਪਣਾ ਮੋਬਾਇਲ ਫੋਨ ਰਿਚਾਰਜ ਕਰਨ ਲਈ ਚੱਲ ਪਏ। ਤਾਂ ਇਕ ਨਾ-ਮਾਲੂਮ ਕਾਰ ਲਾਂਡਰਾ ਸਾਈਡ ਤੋ ਆਈ ਜਿਸ ਦੇ ਨਾ-ਮਾਲੂਮ ਡਰਾਈਵਰ ਨੇ ਆਪਣੀ ਕਾਰ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਮੇਰੇ ਭਰਾ ਰਾਜੇਸ਼ ਸਿੰਘ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਕਾਰ ਦੀ ਰਫਤਾਰ ਤੇਜ ਹੋਣ ਕਾਰਨ ਮੈ ਉਸ ਦਾ ਨੰਬਰ ਨਹੀ ਪੜ੍ਹ ਸਕਿਆ। ਜਿਸ ਕਾਰਨ ਮੇਰਾ ਭਰਾ ਸੜਕ ਤੇ ਡਿੱਗ ਪਿਆ ਤੇ ਉਸ ਦੇ ਸਿਰ ਵਿੱਚ ਤੇ ਸ਼ਰੀਰ ਤੇ ਕਾਫੀ ਸੱਟਾਂ ਲੱਗੀਆ। ਜਿਸ ਨੂੰ ਮੈ ਇਲਾਜ ਲਈ ਸਿਵਲ ਹਸਪਤਾਲ ਫੇਸ-6, ਮੋਹਾਲੀ ਵਿਖੇ ਦਾਖਲ ਕਰਵਾਇਆ। ਜਿੱਥੇ ਮੇਰੇ ਭਰਾ ਦੀ ਦੌਰਾਨੇ ਇਲਾਜ ਮੌਤ ਹੋ ਗਈ। ਬਾਅਦ ਵਿੱਚ ਮੈ ਉਸ ਨਾ-ਮਾਲੂਮ ਕਾਰ ਦੇ ਨਾ-ਮਾਲੂਮ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 3 | ਮੁਕੱਦਮਾ ਨੰ:147<br>ਮਿਤੀ:01-12-22<br>ਜੁਰਮ:323,325,506, 34, ਆਈ.ਪੀ.ਸੀ<br>ਥਾਣਾ ਬਲੌਂਗੀ | ਵਿਨੋਦ ਕੁਮਾਰ ਪੁੱਤਰ ਜੀਤ ਸਿੰਘ ਵਾਸੀ ਮਕਾਨ ਨੰ:201, ਮੇਨ ਗਲੀ, ਕ੍ਰਿਸ਼ਨਾ ਇੰਨਕਲੇਵ, ਪਿੰਡ ਝਾਂਮਪੁਰ, ਥਾਣਾ ਬਲੌਂਗੀ<br>ਉਮਰ 38 ਸਾਲ<br>80543-74261 | 1) ਕਾਰਤਿਕ ਪੁੱਤਰ ਕ੍ਰਿਸ਼ਨ ਕੁਮਾਰ<br>2) ਕ੍ਰਿਸ਼ਨ ਕੁਮਾਰ<br>3) ਬੱਬਲੂ ਵਾਸੀਆਨ ਪਿੰਡ ਝਾਂਮਪੁਰ, ਥਾਣਾ ਬਲੌਂਗੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 15-11-22 ਨੂੰ ਵਕਤ ਕਰੀਬ 11:30 ਪੀ ਐਮ ਦਾ ਹੋਵੇਗਾ ਤਾਂ ਉਕਤਾਨ ਦੋਸ਼ੀਆਨ ਮੇਰੇ ਘਰ ਦੇ ਬਾਹਰ ਆ ਕੇ ਮੈਨੂੰ ਬਿਨ੍ਹਾ ਕਿਸੇ ਗੱਲ ਤੋ ਗਾਲ੍ਹਾ ਕੱਢਣ ਲੱਗ ਪਏ। ਜਦੋ ਮੈ ਉਹਨਾਂ ਨੂੰ ਅਜਿਹਾ ਕਰਨ ਤੋ ਰੋਕਿਆ ਤਾਂ ਉਹਨਾਂ ਨੇ ਰੱਲ ਕੇ ਮੇਰੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਮੇਰਾ ਰੌਲਾ ਸੁਣ ਕੇ ਮੇਰੀ ਘਰਵਾਲੀ ਮਮਤਾ ਦੇਵੀ ਮੌਕੇ ਪਰ ਆ ਗਈ ਤਾਂ ਉਕਤਾਨ ਦੋਸ਼ੀਆਨ ਨੇ ਉਸ ਦੀ ਵੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋ ਅਸੀ ਰਲਾ ਪਾਇਆ ਤਾਂ ਉਕਤਾਨ ਦੋਸ਼ੀਆਨ ਜਾਨੋ ਮਰਨ ਦੀਆ ਧਮਕੀਆ ਦਿੰਦੇ ਹੋਏ ਮੌਕੇ ਤੋ ਫਰਾਰ ਹੋ ਗਏ। ਜਿਹਨਾਂ ਨਾਲ ਮੇਰੀ ਹੁਣ ਤੱਕ ਰਾਜੀਨਾਮੇ ਦੀ ਗੱਲ ਚੱਲਦੀ ਰਹੀ ਪਰ ਸਿਰੇ ਨਹੀ ਚੜ੍ਹ ਸਕੀ। ਜਿਸ ਤੇ ਹੁਣ ਮੈ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 4 | ਮੁਕੱਦਮਾ ਨੰ:476<br>ਮਿਤੀ:01-12-22<br>ਜੁਰਮ:279,304ਏ,<br>ਆਈ.ਪੀ.ਸੀ<br>ਥਾਣਾ ਜੀਰਕਪੁਰ | ਮਿੰਟੂ ਪੁੱਤਰ ਕੁੰਵਰਪਾਲ ਹਾਲ ਵਾਸੀ ਪਿੰਡ ਨਰਾਇਣਗੜ੍ਹ, ਥਾਣਾ ਜੀਰਕਪੁਰ<br>ਉਮਰ 24 ਸਾਲ<br>93890-03497 | ਗੁਰਤੇਜ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਸੁਰਲ ਖੁਰਦ, ਜਿਲ੍ਹਾ ਪਟਿਆਲਾ ਚਾਲਕ ਮੋਟਰ ਸਾਈਕਲ ਨੰ:ਪੀ ਬੀ-12ਯੂ-9106 | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਮਿਹਨਤ ਮਜਦੂਰੀ ਦਾ ਕੰਮ ਕਰਦਾ ਹਾਂ ਤੇ ਮੈ ਉਕਤ ਪਤੇ ਤੇ ਰਹਿੰਦਾ ਹਾਂ। ਮੇਰਾ ਚਾਚਾ ਨੇਮ ਚੰਦਰ ਪੁੱਤਰ ਕਰਨ ਸਿੰਘ ਵੀ ਮੇਰੇ ਨਾਲ ਹੀ ਇੱਥੇ ਹੀ ਰਹਿੰਦਾ ਸੀ। ਕੱਲ ਮਿਤੀ 30-11-22 ਨੂੰ ਵਕਤ ਕਰੀਬ 06:30 ਪੀ ਐਮ ਦਾ ਹੋਵੇਗਾ ਮ ਤੇ ਮੇਰਾ ਚਾਚਾ ਨੇਮ ਚੰਦਰ ਤੇ ਮੇਰਾ ਸਾਲਾ ਧਰਮਿੰਦਰ ਆਪਣੇ ਘਰ ਆਉਂਣ ਲਈ ਬੱਸ ਸਟੈਂਡ ਪਿੰਡ ਛੱਤ ਵਿੱਖੇ ਖੜ੍ਹੇ ਸਨ। ਤਾਂ ਉਕਤ ਨੰਬਰੀ ਮੋਟਰ ਸਾਈਕਲ ਬਨੂੰੜ ਸਾਈਡ ਤੋ ਆਇਆ। ਜਿਸ ਦੇ ਉਕਤ ਚਾਲਕ ਨੇ ਆਪਣੇ ਮੋਟਰ ਸਾਈਕਲ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਮੇਰੇ ਚਾਚੇ ਨੇਮ ਚੰਦਰ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਮੇਰਾ ਚਾਚਾ ਸੜਕ ਤੇ ਡਿੱਗ ਪਿਆ ਤੇ ਉਸ ਦੇ ਸਿਰ ਵਿੱਚ ਕਾਫੀ ਸੱਟਾਂ ਲੱਗੀਆ। ਜਿਸ ਨੂੰ ਮੈ ਇਲਾਜ ਲਈ ਜੀ ਐਸ ਸੀ ਹਸਪਤਾਲ ਸੈਕ:32, ਚੰਡੀਗੜ੍ਹ ਵਿਖੇ ਦਾਖਲ ਕਰਵਾਇਆ। ਜਿੱਥੇ ਮੇਰੇ ਚਾਚੇ ਦੀ ਦੌਰਾਨੇ ਇਲਾਜ ਮੌਤ ਹੋ ਗਈ। ਬਾਅਦ ਵਿੱਚ ਮੈ ਉਕਤ ਨੰਬਰੀ ਮੋਟਰ ਸਾਈਕਲ ਦੇ ਉਕਤ ਚਾਲਕ ਖਿਲਾਫ ਮੁਕੱਦਮਾ ਦਰਜ ਕਰਵਾਇਆ। |